ਅਜੀਤ, ਜਲੰਧਰ
ਅੰਮ੍ਰਿਤਸਰ ਅਜੀਤ
ਸੋਮਵਾਰ, 20 ਅਕਤੂਬਰ 2025

ਬਿਜਲੀ ਦਫਤਰ ਜੰਡਿਆਲਾ ਗੁਰੂ ਦੇ ਬਾਹਰ ਮ੍ਰਿਤਕ ਜਸਪਾਲ ਸਿੰਘ ਦੀ ਦੇਹ ਲੈ ਕੇ ਧਰਨਾ ਲਾਉਣ ਲਈ ਪੁੱਜੇ ਹੋਏ ਕਿਸਾਨ।(ਹਾਸ਼ੀਏ 'ਚ) ਮ੍ਰਿਤਕ ਜਸਪਾਲ ਸਿੰਘ ਜਾਣੀਆਂ ਦੀ ਤਸਵੀਰ। ਤਸਵੀਰਾਂ : ਪ੍ਰਮਿੰਦਰ ਸਿੰਘ ਜੋਸਨ

ਸੜਕ 'ਤੇ ਖਿੱਲਰੀਆਂ ਤਾਰਾਂ ਵਿਚ ਵੱਜਣ ਕਾਰਨ ਮੋਟਰਸਾਈਕਲ ਸਵਾਰ ਦੀ ਮੌਤ

ਮ੍ਰਿਤਕ ਦੀ ਦੇਹ ਲੈ ਕੇ ਬਿਜਲੀ ਬੋਰਡ ਦਫਤਰ ਬਾਹਰ ਧਰਨੇ ਦੀ ਤਿਆਰੀ

ਜੰਡਿਆਲਾ ਗੁਰੂ, 19 ਅਕਤੂਬਰ (ਪ੍ਰਮਿੰਦਰ ਸਿੰਘ ਜੋਸਨ, ਹਰਜਿੰਦਰ ਸਿੰਘ ਕਲੇਰ)-ਅੱਜ ਤੜਕੇ ਜੰਡਿਆਲਾ ਗੁਰੂ ਦੇ ਤਰਨ ਤਾਰਨ ਵਾਲੇ ਬਾਈਪਾਸ ਨੇੜੇ (ਨੇੜੇ ਰਾਧਾ ਸੁਆਮੀ ਡੇਰਾ) ਇੱਕ ਵਿਅਕਤੀ ਦੀ ਮੋਟਰਸਾਈਕਲ 'ਤੇ ਆਉਂਦਿਆਂ ਰਾਤ ਸਮੇਂ ਸੜਕ 'ਤੇ ਡਿੱਗੇ ਖੰਭੇ ਦੀਆਂ ਖਿਲਰੀਆਂ ਤਾਰਾਂ ਦੀ ਲਪੇਟ ਵਿਚ ਆਉਣ ਕਾਰਨ ਮੌਤ ਹੋ ਜਾਣ ਦੀ ਜਾਣਕਾਰੀ ਪ੍ਰਾਪਤ ਹੋਈ ਹੈ । ਜਾਣਕਾਰੀ ਅਨੁਸਾਰ ਜਸਪਾਲ ਸਿੰਘ ਜੋ ਨੇੜਲੇ ਪਿੰਡ ਜਾਣੀਆਂ ਦਾ ਰਹਿਣ ਵਾਲਾ ਸੀ ਅਤੇ ਪਿੰਡ ਮਾਨਾਂਵਾਲਾ ਨੇੜੇ ਇਕ ਸਕੂਲ ਵਿਚ ਸਕਿਉਰਟੀ ਗਾਰਡ ਦੀ ਨੌਕਰੀ ਕਰਦਾ ਸੀ ਤੇ ਜਦੋਂ ਉਹ ਆਪਣے ਘਰ ਪਿੰਡ ਜਾਣੀਆਂ ਨੂੰ ਜਾ ਰਿਹਾ ਸੀ ਤਾਂ ਜੰਡਿਆਲਾ ਗੁਰੂ ਦੇ ਬਾਈਪਾਸ ਤਰਨ ਤਾਰਨ ਰੋਡ 'ਤੇ ਕਿਸੇ ਵਾਹਨ ਨਾਲ ਵੱਜ ਕੇ ਡਿੱਗੇ ਪੋਲ ਦੀਆਂ ਖਿਲਰੀਆਂ ਤਾਰਾਂ ਵਿਚ ਵੱਜ ਕੇ ਸੜਕ 'ਤੇ ਡਿੱਗ ਪੈਣ ਕਾਰਨ ਦਰਦਨਾਕ ਮੌਤ ਹੋ ਗਈ। ਇਸ ਘਟਨਾ ਦਾ ਪਤਾ ਲੱਗਣ 'ਤੇ ਕਿਸਾਨ ਜਥੇਬੰਦੀ ਵੀ ਮੌਕੇ ਤੇ ਪੁੱਜੀ। ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਨੇ ਮ੍ਰਿਤਕ ਜਸਪਾਲ ਸਿੰਘ ਦੀ ਦੇਹ ਟਰਾਲੀ 'ਤੇ ਬਿਜਲੀ ਬੋਰਡ ਦੇ ਦਫਤਰ ਜੰਡਿਆਲਾ ਗੁਰੂ ਦੇ ਬਾਹਰ ਲਿਜਾ ਕੇ ਧਰਨਾ ਲਗਾਉਣ ਦੀ ਤਿਆਰੀ ਕਰ ਲਈ ਹੈ ਅਤੇ ਪੁਲਿਸ ਪ੍ਰਸ਼ਾਸਨ ਵੀ ਮੌਕੇ 'ਤੇ ਪੁੱਜ ਗਿਆ ਹੈ। ਇਹ ਵੀ ਜਾਣਕਾਰੀ ਹੈ ਕਿ ਰਾਤ ਸਮੇਂ ਸੜਕ ਦੇ ਡਿੱਗੇ ਪੋਲ ਦੀ ਕੁਝ ਲੋਕਾਂ ਵਲੋਂ ਬਿਜਲੀ ਬੋਰਡ ਨੂੰ ਪੋਲ ਅਤੇ ਤਾਰਾਂ ਚੁੱਕਣ ਦੀ ਸ਼ਿਕਾਇਤ ਵੀ ਕੀਤੀ ਗਈ ਸੀ ਪਰ ਪੋਲ ਅਤੇ ਖਿਲਰੀਆਂ ਤਾਰਾਂ ਨਹੀਂ ਚੁੱਕੀਆਂ ਗਈਆਂ। ਐੱਸ.ਡੀ.ਓ. ਜੰਡਿਆਲਾ ਗੁਰੂ ਸੁਖਜੀਤ ਸਿੰਘ ਨੇ ਦੱਸਿਆ ਕਿ ਸੜਕ 'ਤੇ ਪੋਲ ਨੂੰ ਕੋਈ ਟਰੱਕ ਵਾਲਾ ਤੋੜ ਕੇ ਗਿਆ ਅਤੇ ਪੋਲ ਤੇ ਬਿਜਲੀ ਦੀਆਂ ਤਾਰਾਂ ਸੜਕ 'ਤੇ ਪਾਸੇ ਪਈਆਂ ਸਨ ਤੇ ਹਾਦਸੇ ਦੇ ਕਾਰਨਾਂ ਦਾ ਪਤਾ ਨਹੀਂ ਕਿ ਕਿਸ ਚੀਜ਼ ਨਾਲ ਹੋਇਆ ਹੈ।

ਦੀਵਾਲੀ ਦੇ ਤਿਉਹਾਰ 'ਤੇ ਵੀ ਪਈ ਭਿਆਨਕ ਹੜ੍ਹਾਂ ਦੀ ਮਾਰ

ਸਰਹੱਦੀ ਖੇਤਰਾਂ ਵਿਚ ਦੀਵਾਲੀ ਤੋਂ ਪਹਿਲਾਂ ਬਾਜ਼ਾਰ ਸਜੇ, ਪਰ ਰੌਣਕਾਂ ਰਹੀਆਂ ਗ਼ਾਇਬ

ਅਜਨਾਲਾ, 19 ਅਕਤੂਬਰ (ਗੁਰਪ੍ਰੀਤ ਸਿੰਘ ਢਿੱਲੋਂ)- ਇਸ ਵਾਰ ਅਜਨਾਲਾ ਅਤੇ ਰਮਦਾਸ ਖੇਤਰ ਵਿਚ ਆਏ ਭਿਆਨਕ ਹੜ੍ਹਾਂ ਕਾਰਨ ਦੇਸ਼ ਦਾ ਢਿੱਡ ਭਰਨ ਵਾਲੇ ਅੰਨਦਾਤੇ ਦੀਆਂ ਫ਼ਸਲਾਂ ਪੂਰੀ ਤਰ੍ਹਾਂ ਤਬਾਹ ਹੋਣ ਜਾਣ ਕਾਰਨ ਬਾਜ਼ਾਰਾਂ ਵਿਚ ਰੌਣਕਾਂ ਫਿੱਕੀਆਂ ਫਿੱਕੀਆਂ ਨਜ਼ਰ ਆ ਰਹੀਆਂ ਹਨ। ਕੱਲ੍ਹ ਤੋਂ ਹੀ ਅਜਨਾਲਾ ਸ਼ਹਿਰ ਦੇ ਵੱਖ-ਵੱਖ ਬਾਜ਼ਾਰਾਂ ਵਿਚ ਦੁਕਾਨਦਾਰਾਂ ਵਲੋਂ ਆਪਣੀਆਂ ਦੁਕਾਨਾਂ ਨੂੰ ਰੰਗ ਬਿਰੰਗੀਆਂ ਲਾਈਟਾਂ ਅਤੇ ਫੁੱਲਾਂ ਨਾਲ ਸਜਾਇਆ ਜਾ ਰਿਹਾ ਸੀ ਤੇ ਅੱਜ ਬਾਜ਼ਾਰ ਪੂਰੀ ਤਰ੍ਹਾਂ ਸਜ ਕੇ ਤਿਆਰ ਹੋ ਗਏ ਸਨ ਪਰ ਦੁਪਹਿਰ ਤੱਕ ਗਾਹਕ ਨਾ ਆਉਣ ਕਾਰਨ ਜ਼ਿਆਦਾਤਰ ਦੁਕਾਨਦਾਰ ਮਾਯੂਸ ਹੀ ਨਜ਼ਰ ਆਏ, ਭਾਵੇਂ ਕਿ ਦੁਪਹਿਰ ਤੋਂ ਬਾਅਦ ਕੁਝ ਦੁਕਾਨਾਂ 'ਤੇ ਰੌਣਕ ਦੇਖਣ ਨੂੰ ਮਿਲੀ ਪਰ ਦੀਵਾਲੀ ਤੋਂ ਦੋ ਦਿਨ ਪਹਿਲਾਂ ਪਿਛਲੇ ਸਾਲਾਂ ਵਰਗੀਆਂ ਗਾਹਕਾਂ ਦੀਆਂ ਭੀੜਾਂ ਨਜ਼ਰ ਨਹੀਂ ਆਈਆਂ। 'ਅਜੀਤ' ਨਾਲ ਗੱਲਬਾਤ ਕਰਦਿਆਂ ਦੁਕਾਨਦਾਰ ਲਖਵਿੰਦਰ ਸਿੰਘ ਬਾਜਵਾ, ਲਾਲੀ ਬਾਜਵਾ, ਪ੍ਰਦੀਪ ਅਰੋੜਾ ਅਤੇ ਆਤਿਸ਼ਬਾਜ਼ੀ ਵਿਕਰੇਤਾ ਭਗਵਾਨ ਦਾਸ ਅਜਨਾਲਾ ਸਮੇਤ ਹੋਰਨਾਂ ਦੁਕਾਨਦਾਰਾਂ ਨੇ ਦੱਸਿਆ ਕਿ ਪੰਜਾਬ ਦੇ ਇਸ ਪੇਂਡੂ ਖੇਤਰ ਦੇ ਜ਼ਿਆਦਾਤਰ ਕਾਰੋਬਾਰ ਖੇਤੀ 'ਤੇ ਹੀ ਨਿਰਭਰ ਕਰਦੇ ਹਨ ਅਤੇ ਹੜ੍ਹਾਂ ਕਾਰਨ ਕਈ ਕਿਸਾਨਾਂ ਤੇ ਆਮ ਲੋਕਾਂ ਕੋਲ ਤਾਂ ਖਾਣ ਜੋਗੇ ਦਾਣੇ ਵੀ ਨਹੀਂ ਬਚੇ। ਉਧਰ ਸੰਯੁਕਤ ਕਿਸਾਨ ਭਲਾਈ ਸੰਸਥਾ ਅਜਨਾਲਾ ਦੇ ਕੌਮੀ ਪ੍ਰਧਾਨ ਮਨਜੀਤ ਸਿੰਘ ਬਾਠ ਨੇ ਮੰਗ ਕੀਤੀ ਕਿ ਜਲਦ ਤੋਂ ਜਲਦ ਹੜ੍ਹ ਪ੍ਰਭਾਵਿਤ ਕਿਸਾਨਾਂ ਅਤੇ ਆਮ ਲੋਕਾਂ ਨੂੰ ਮੁਆਵਜ਼ਾ ਰਾਸ਼ੀ ਜਾਰੀ ਕਰਕੇ ਉਨ੍ਹਾਂ ਦੀ ਬਾਂਹ ਫੜੀ ਜਾਵੇ।

ਅਜਨਾਲਾ ਸ਼ਹਿਰ 'ਚ 'ਅਜੀਤ' ਨਾਲ ਗੱਲਬਾਤ ਕਰਦੇ ਹੋਏ ਦੁਕਾਨਦਾਰ ਲਖਵਿੰਦਰ ਸਿੰਘ ਬਾਜਵਾ, ਲਾਲੀ ਬਾਜਵਾ ਅਤੇ ਭਗਵਾਨ ਦਾਸ। ਤਸਵੀਰਾਂ : ਗੁਰਪ੍ਰੀਤ ਸਿੰਘ ਢਿੱਲੋਂ

ਅਜਨਾਲਾ ਸ਼ਹਿਰ 'ਚ ਖਾਲੀ ਦੁਕਾਨਾਂ 'ਚ ਬੈਠੇ ਦੁਕਾਨਦਾਰ ਗਾਹਕਾਂ ਦੀ ਉਡੀਕ ਕਰਦੇ ਹੋਏ। ਤਸਵੀਰਾਂ : ਗੁਰਪ੍ਰੀਤ ਸਿੰਘ ਢਿੱਲੋਂ

ਪਾਕਿਸਤਾਨ ਤਸਕਰਾਂ ਨੇ ਡਰੋਨ ਨਾਲ ਅਫੀਮ ਭੇਜੀ, ਲਿਖਿਆ (ਹੈਪੀ ਦਿਵਾਲੀ)

ਅਟਾਰੀ, 19 ਅਕਤੂਬਰ (ਰਜਿੰਦਰ ਸਿੰਘ ਰੂਬੀ, ਗੁਰਦੀਪ ਸਿੰਘ ਅਟਾਰੀ)-ਪਾਕਿਸਤਾਨੀ ਨਸ਼ਾ ਤਸਕਰਾਂ ਵਲੋਂ ਆਪਣے ਵਾਲੇ ਪਾਸਿਓਂ ਉਡਾ ਕੇ ਭਾਰਤ ਅੰਦਰ ਡਰੋਨ ਨਾਲ ਇਕ ਅਫੀਮ ਦਾ ਪੈਕਟ ਭੇਜਿਆ ਹੈ। ਜਿਸ 'ਤੇ ਪਾਕਿਸਤਾਨੀ ਤਸਕਰਾਂ ਵਲੋਂ ਵਿਸ਼ੇਸ਼ ਤੌਰ 'ਤੇ ਹਰੇ ਰੰਗ ਨਾਲ ਹੈਪੀ ਦੀਵਾਲੀ ਲਿਖਿਆ ਹੈ। ਦੀਵਾਲੀ ਦੇ ਤਿਉਹਾਰ ਮੌਕੇ ਪਾਕਿਸਤਾਨ ਤਸਕਰਾਂ ਨੇ ਭਾਰਤ ਵਿਖੇ ਡਰੋਨ ਰਸਤੇ ਇਕ ਕਿੱਲੋ ਤੋਂ ਵਧੇਰੇ ਅਫ਼ੀਮ ਭੇਜੀ ਹੈ। ਭਾਰਤੀ ਖੇਤਰ ਦੇ ਦੋ ਵੱਖ-ਵੱਖ ਥਾਵਾਂ 'ਤੇ ਪਾਕਿਸਤਾਨੀ ਤਸਕਰਾਂ ਵਲੋਂ ਡਰੋਨ ਰਾਹੀਂ ਭੇਜੀ ਗਈ ਅਫ਼ੀਮ ਬੀ. ਐੱਸ. ਐੱਫ. ਦੀ 181 ਬਟਾਲੀਅਨ ਵਲੋਂ ਤਲਾਸ਼ੀ ਅਭਿਆਨ ਚਲਾਇਆ ਗਿਆ ਤਾਂ ਦੋ ਡਰੋਨ ਬਰਾਮਦ ਹੋਇਆ ਜਿਸ ਵਿਚੋਂ 521 ਗ੍ਰਾਮ ਤੇ 500 ਗ੍ਰਾਮ ਇਕ ਹੋਰ ਜਗ੍ਹਾ ਤੋਂ ਅਫੀਮ ਬਰਾਮਦ ਹੋਈ। ਬੀ. ਐੱਸ. ਐੱਫ. ਦੇ ਜਵਾਨ ਦੇਰ ਸ਼ਾਮ ਤੱਕ ਤਸਕਰਾਂ ਦੀ ਭਾਲ ਕਰਦੇ ਰਹੇ ਪਰ ਡਰੋਨ ਚੁੱਕਣ ਕੋਈ ਵੀ ਨਹੀਂ ਆਇਆ, ਜਿਸ ਤੋਂ ਬਾਅਦ ਬੀ. ਐੱਸ. ਐੱਫ. ਵਲੋਂ ਡਰੋਨ ਅਤੇ ਅਫੀਮ ਨੂੰ ਪੁਲਿਸ ਥਾਣਾ ਘਰਿੰਡਾ ਨੂੰ ਸੌਂਪ ਦਿੱਤਾ ਗਿਆ। ਬੀ. ਐੱਸ. ਐੱਫ. ਦੀ 181 ਬਟਾਲੀਅਨ ਦੇ ਸਹਾਇਕ ਕਮਾਂਡੈਂਟ ਵਿਕਾਸ ਚੌਧਰੀ ਵਲੋਂ ਪੁਲਿਸ ਥਾਣਾ ਘਰਿੰਡਾਂ ਨੂੰ ਇਕ ਪੱਤਰ ਜਾਰੀ ਕੀਤਾ ਗਿਆ, ਜਿਸ ਵਿਚ ਡੀ. ਜੇ. ਆਈ. ਏਅਰ ਥਰੀ ਡਰੋਨ ਮਾਰਕਾ ਦਾ ਹਵਾਲਾ ਦਿੱਤਾ ਗਿਆ। ਪੁਲਿਸ ਥਾਣਾ ਘਰਿੰਡਾ ਵਲੋਂ ਇਸ ਸੰਬੰਧੀ ਨਾ ਮਾਲੂਮ ਵਿਅਕਤੀਆਂ ਦੇ ਖ਼ਿਲਾਫ਼ ਪਰਚਾ ਦਰਜ ਕਰਕੇ ਸ਼ੱਕੀ ਸਥਾਨਕ ਲੋਕਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।



ਬੀ. ਐੱਸ. ਐੱਫ. ਵਲੋਂ ਭਾਰਤੀ ਸਰਹੱਦ 'ਤੇ ਫੜੀ ਗਈ ਇਕ ਕਿੱਲੋ ਦੇ ਕਰੀਬ ਅਫੀਮ ਦਾ ਪੈਕਟ। ਤਸਵੀਰ : ਰਾਜਿੰਦਰ ਸਿੰਘ ਰੂਬੀ

ਆਤਿਸ਼ਬਾਜ਼ੀ ਨਾ ਚਲਾ ਕੇ ਗਰੀਨ ਦੀਵਾਲੀ ਮਨਾਈ ਜਾਵੇ-ਪ੍ਰਿੰਸੀਪਲ ਲਖਨਪਾਲ ਸਹਿਮੀ

ਮਜੀਠਾ, 19 ਅਕਤੂਬਰ (ਜਗਤਾਰ ਸਿੰਘ ਸਹਿਮੀ)-ਦੀਵਾਲੀ ਦੇ ਤਿਉਹਾਰ ਮੌਕੇ ਖੁਸ਼ੀ ਦੀ ਰੌਸ਼ਨੀ ਨੂੰ ਹੋਰ ਵਧਾਉਣ ਤੇ ਵਾਤਾਵਰਨ ਦੀ ਸ਼ੁੱਧਤਾ ਨੂੰ ਬਚਾਉਣ ਲਈ ਇਸ ਵਾਰ ਗਰੀਨ ਦੀਵਾਲੀ ਮਨਾਈ ਜਾਵੇ। ਇਸ ਦਾ ਸੁਨੇਹਾ ਦਿੰਦਿਆਂ ਸਮਾਜ ਸੇਵੀ ਤੇ ਵਾਤਾਵਰਨ ਪ੍ਰੇਮੀ ਪ੍ਰਿੰਸੀਪਲ ਲਖਨਪਾਲ ਸਿੰਘ ਸਹਿਮੀ ਨੇ ਇੱਕ ਬਿਆਨ ਜਾਰੀ ਕਰਕੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਪਟਾਕੇ ਅਤੇ ਆਤਿਸ਼ਬਾਜ਼ੀ ਨਾ ਚਲਾਈ ਜਾਵੇ, ਬਲਕਿ ਪੌਦੇ ਲਗਾਉਣ, ਰੌਸ਼ਨੀਆਂ ਨਾਲ ਤਿਉਹਾਰ ਮਨਾਉਣ ਅਤੇ ਗਲੀ-ਮੁਹੱਲਿਆਂ ਵਿਚ ਸਾਫ਼-ਸਫ਼ਾਈ ਰੱਖਣ ਵਰਗੀਆਂ ਪਹਿਲ ਕਦਮੀਆਂ ਅਪਣਾਈਆਂ ਜਾਣ।

ਭਾਰਤ-ਪਾਕਿਸਤਾਨ ਕੌਮਾਂਤਰੀ ਸਰਹੱਦ 'ਤੇ ਜ਼ਿਲ੍ਹਾ ਅੰਮ੍ਰਿਤਸਰ ਦੀ ਤਹਿਸੀਲ ਅਜਨਾਲਾ ਅਧੀਨ ਆਉਂਦੀ ਚੌਕੀ ਸ਼ੇਰਪੁਰ ਨੇੜੇ ਬੀ. ਐੱਸ. ਐੱਫ. ਦੀਆਂ ਬਹਾਦਰ ਮਹਿਲਾ ਜਵਾਨ ਦੀਵਾਲੀ ਦੇ ਤਿਉਹਾਰ ਮੌਕੇ ਦੀਵੇ ਜਗਾਉਂਦੀਆਂ ਹੋਈਆਂ। ਵੇਰਵਾ ਤੇ ਤਸਵੀਰ : ਗੁਰਪ੍ਰੀਤ ਸਿੰਘ ਢਿੱਲੋਂ

ਬੀਐੱਸਐੱਫ ਨੇ ਪਾਕਿਸਤਾਨ ਤੋਂ ਆਈ 2 ਕਿਲੋ 681 ਗਰਾਮ ਆਈਸ ਡਰੱਗ ਫੜੀ

ਅਟਾਰੀ, (ਅੰਮ੍ਰਿਤਸਰ) 19 ਅਕਤੂਬਰ (ਰਾਜਿੰਦਰ ਸਿੰਘ ਰੂਬੀ/ਗੁਰਦੀਪ ਸਿੰਘ ਅਟਾਰੀ) ?ਭਾਰਤ-ਪਾਕਿਸਤਾਨ ਕੌਮਾਂਤਰੀ ਸਰਹੱਦ ਅਟਾਰੀ ਤੇ ਸਥਿਤ ਬੀਓਪੀ ਰਾਜਾਤਾਲ ਦੇ ਨਜ਼ਦੀਕ ਤੋਂ ਬੀਐੱਸਐੱਫ ਨੇ ਸਰਚ ਆਪਰੇਸ਼ਨ ਦੌਰਾਨ 2 ਕਿਲੋ 681 ਗਰਾਮ ਆਈਸ ਡਰੱਗ ਬਰਾਮਦ ਕੀਤੀ ਹੈ। ਅਟਾਰੀ ਸਰਹੱਦ 'ਤੇ ਤਾਇਨਾਤ ਬੀਐੱਸਐੱਫ ਦੇ ਸਹਾਇਕ ਕਮਾਂਡੈਂਟ 181 ਬਟਾਲੀਅਨ ਸੰਜੀਵ ਕੁਮਾਰ ਯਾਦਵ ਨੇ ਪੁਲਿਸ ਥਾਣਾ ਘਰਿੰਡਾ ਵਿਖੇ ਇੱਕ ਪੱਤਰ ਜਾਰੀ ਕਰਦੇ ਹੋਏ ਆਈਸ ਡਰੱਗ ਦੇ ਤਿੰਨ ਪੈਕਟ ਦਿੱਤੇ ਜਿਨ੍ਹਾਂ ਨੂੰ ਚੈੱਕ ਕੀਤਾ ਗਿਆ ਤਾਂ ਵਿਚੋਂ ਉਕਤ ਮਾਤਰਾ ਵਿਚ ਆਈਸ ਡਰੱਗ ਨਿਕਲੀ। ਆਈਸ ਡਰੱਗ ਨੂੰ ਪਾਰਦਰਸ਼ੀ ਲਿਫਾਫਿਆਂ ਵਿਚ ਬੰਦ ਕੀਤਾ ਗਿਆ ਸੀ। ਪੁਲਿਸ ਥਾਣਾ ਘਰਿੰਡਾ ਵਲੋਂ ਨਾਮਲੂਮ ਵਿਅਕਤੀ ਖਿਲਾਫ ਪਰਚਾ ਦਰਜ ਰਜਿਸਟਰ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਰਾਜਾਤਾਲ ਬੀਐੱਸਐੱਫ ਬੀਓਪੀ ਤੋਂ ਮਿਲੀ ਆਈਸ ਡਰੱਗ ਜਿਸ ਨੂੰ ਕਿ ਪਾਕਿਸਤਾਨੀ ਨਸ਼ਾ ਤਸਕਰਾਂ ਵਲੋਂ ਭਾਰਤੀ ਖੇਤਰ ਅੰਦਰ ਡਰੋਨ ਰਾਹੀਂ ਸੁੱਟਿਆ ਗਿਆ ਹੈ।

ਭਾਰਤੀ ਸਰਹੱਦੀ ਚੌਕੀ ਰਾਜਾ ਤਾਲ ਤੋਂ ਫੜੀ ਆਈਸ ਡਰੱਗ ਦੇ ਤਿੰਨ ਪੈਕੇਟ। ਤਸਵੀਰ : ਰਾਜਿੰਦਰ ਸਿੰਘ ਰੂਬੀ

'ਅਜੀਤ' ਉਪ ਦਫ਼ਤਰ ਦਾ ਪਤਾ ਤੇ ਸੰਪਰਕ ਨੰਬਰ

ਅਜੀਤ/ਅਜੀਤ ਸਮਾਚਾਰ ਹੜ੍ਹ ਰਾਹਤ ਫੰਡ ਵਿਚ ਯੋਗਦਾਨ ਪਾਉਣ ਲਈ ਅਜੀਤ ਪ੍ਰਕਾਸ਼ਨ ਸਮੂਹ ਦੇ ਹੇਠ ਲਿਖੇ ਉਪ-ਦਫ਼ਤਰ ਵਿਚ ਯੋਗਦਾਨ ਰਾਸ਼ੀ ਜਮ੍ਹਾ ਕਰਵਾ ਕੇ ਰਸੀਦ ਪ੍ਰਾਪਤ ਕੀਤੀ ਜਾਵੇ।

ਅੰਮ੍ਰਿਤਸਰ

ਸ. ਜਸਵੰਤ ਸਿੰਘ ਜੱਸ	98558-55751
7, 8 ਏ.ਜੀ.ਏ. ਕਲੱਬ	0183-5010940
ਗਾਂਧੀ ਗਰਾਊਂਡ, ਟੇਲਰ ਰੋਡ	2566263

ਬੀੜ ਬਾਬਾ ਬੁੱਢਾ ਸਾਹਿਬ ਝਬਾਲ ਤੋਂ ਸਜਾਏ ਨਗਰ ਕੀਰਤਨ ਦਾ ਅੱਜ ਡੇਰਾ ਜਨਮ ਅਸਥਾਨ ਬਾਬਾ ਬੁੱਢਾ ਸਾਹਿਬ ਪੁੱਜਣ 'ਤੇ ਸੰਤ ਬਾਬਾ ਦੀਦਾਰ ਸਿੰਘ ਪੰਜ ਪਿਆਰਿਆਂ ਅਤੇ ਸੰਗਤਾਂ ਨੂੰ ਸਿਰਪਾਉ ਦੇ ਕੇ ਸਨਮਾਨਿਤ ਕਰਦੇ ਹੋਏ। ਤਸਵੀਰ : ਦਲਵਿੰਦਰ ਸਿੰਘ ਰੰਧਾਵਾ

ਬਾਬਾ ਦੀਦਾਰ ਸਿੰਘ ਕੱਥੂਨੰਗਲ ਵਾਲਿਆਂ ਵਲੋਂ ਗੁਰਦੁਆਰਾ ਝਬਾਲ ਤੋਂ ਪਹੁੰਚੇ ਨਗਰ ਕੀਰਤਨ ਦਾ ਕੀਤਾ ਭਰਵਾਂ ਸਵਾਗਤ

ਕੱਥੂਨੰਗਲ, 19 ਅਕਤੂਬਰ (ਦਲਵਿੰਦਰ ਸਿੰਘ ਰੰਧਾਵਾ)-ਬੀੜ ਬਾਬਾ ਬੁੱਢਾ ਸਾਹਿਬ ਝਬਾਲ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਤੇ ਪੰਜ ਪਿਆਰਿਆਂ ਦੀ ਅਗਵਾਈ 'ਚ ਤੇ ਮੁੱਖ ਸੇਵਾਦਾਰ ਬਾਬਾ ਗੁਰਸੇਵਕ ਸਿੰਘ ਗੁਰਦੁਆਰਾ ਮਾਤਾ ਭਾਗ ਕੌਰ ਝਬਾਲ ਦੀ ਰਹਿਨੁਮਾਈ ਹੇਠ ਸਜਾਏ ਵਿਸ਼ਾਲ ਨਗਰ ਕੀਰਤਨ ਦਾ ਅੱਜ ਡੇਰਾ ਜਨਮ ਅਸਥਾਨ ਬਾਬਾ ਬੁੱਢਾ ਸਾਹਿਬ ਕੱਥੂਨੰਗਲ ਵਿਖੇ ਪੁੱਜਣ 'ਤੇ ਡੇਰੇ ਦੇ ਮੁੱਖੀ ਸੰਤ ਬਾਬਾ ਦੀਦਾਰ ਸਿੰਘ ਜੀ ਕੱਥੂਨੰਗਲ ਵਾਲਿਆਂ ਨੇ ਪੰਜ ਪਿਆਰਿਆਂ ਅਤੇ ਪ੍ਰਬੰਧਕਾਂ ਨੂੰ ਸਿਰੋਪਾਉ ਭੇਟ ਦੇ ਕੇ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਨਗਰ ਕੀਰਤਨ ਵਿਚ ਸ਼ਾਮਲ ਬਲਰਾਜ ਸਿੰਘ ਬਗਿਆੜੀ, ਬਾਬਾ ਅਮਰ ਸਿੰਘ, ਬਾਬਾ ਪ੍ਰਗਟ ਸਿੰਘ, ਬਾਬਾ ਸਵਰਨ ਸਿੰਘ, ਗੁਰਪ੍ਰੀਤ ਸਿੰਘ, ਪ੍ਰਤਾਪ ਸਿੰਘ, ਸਾਬਕਾ ਸਰਪੰਚ ਪ੍ਰੇਮ ਸਿੰਘ ਸੋਨੀ ਕੱਥੂਨੰਗਲ, ਜਗੀਰ ਸਿੰਘ, ਗੁਰਜੰਟ ਸਿੰਘ ਭਿੱਟੇਵਿੱਢੇ, ਨਿਰਮਲ ਸਿੰਘ, ਜੁਝਾਰ ਸਿੰਘ, ਰਮਨਦੀਪ ਸਿੰਘ ਰਿੰਕਾ, ਨਰਿੰਦਰ ਸਿੰਘ ਨੰਬਰਦਾਰ, ਬਿਕਰਮ ਸਿੰਘ ਬਿੱਕਾ, ਸੁੱਚਾ ਸਿੰਘ, ਬਾਬਾ ਕਰਮ ਸਿੰਘ ਸਮੇਤ ਵੱਡੀ ਗਿਣਤੀ 'ਚ ਸੰਗਤਾਂ ਸ਼ਾਮਲ ਸਨ।

ਅਕਾਲੀ ਦਲ ਦੀ ਉਮੀਦਵਾਰ ਨੂੰ ਜਿਤਾਉਣ ਲਈ ਹਲਕੇ ਨੂੰ ਜ਼ੋਨਾਂ 'ਚ ਵੰਡ ਕੇ ਆਗੂਆਂ ਦੀਆਂ ਡਿਊਟੀਆਂ ਲਾਈਆਂ-ਰਣੀਕੇ

ਜੇਠੂਵਾਲ, 19 ਅਕਤੂਬਰ (ਮਿੱਤਰਪਾਲ ਸਿੰਘ ਰੰਧਾਵਾ)-ਹਲਕਾ ਤਰਨ ਤਾਰਨ ਦੀ 11 ਨਵੰਬਰ ਨੂੰ ਹੋਣ ਵਾਲੀ ਜ਼ਿਮਨੀ ਚੋਣ 'ਚ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਬੀਬੀ ਸੁਖਵਿੰਦਰ ਕੌਰ ਨੂੰ ਜਿਤਾਉਣ ਲਈ ਹਲਕੇ ਨੂੰ ਜ਼ੋਨਾਂ ਵਿਚ ਵੰਡ ਕੇ ਪਾਰਟੀ ਦੇ ਸਾਬਕਾ ਕੈਬਨਿਟ ਮੰਤਰੀਆਂ ਤੇ ਵਿਧਾਇਕਾਂ, ਸੀਨੀਅਰ ਆਗੂਆਂ ਅਤੇ ਵਰਕਰਾਂ ਦੀਆਂ ਪਿੰਡ ਪੱਧਰ 'ਤੇ ਡਿਊਟੀਆਂ ਲਾਈਆਂ ਗਈਆਂ। ਉਕਤ ਪ੍ਰਗਟਾਵਾ ਹਲਕਾ ਤਰਨ ਤਾਰਨ ਜ਼ਿਮਨੀ ਚੋਣ ਦੇ ਇੰਚਾਰਜ ਸ. ਗੁਲਜ਼ਾਰ ਸਿੰਘ ਰਣੀਕੇ ਨੇ ਗੱਲਬਾਤ ਦੌਰਾਨ ਕੀਤਾ। ਰਾਣੀਕੇ ਨੇ ਕਿਹਾ ਕਿ ਹਲਕੇ ਦੇ ਪਿੰਡਾਂ ਵਿਚ ਅਕਾਲੀ ਦਲ ਦੀ ਉਮੀਦਵਾਰ ਬੀਬੀ ਸੁਖਵਿੰਦਰ ਕੌਰ ਦੇ ਹੱਕ ਵਿਚ ਵੋਟਰਾਂ ਦੇ ਮਿਲ ਰਹੇ ਭਰਵੇਂ ਹੁੰਗਾਰੇ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਨ੍ਹਾਂ ਦੀ ਜਿੱਤ